*Waheguru Ji Ka Khalsa,*
*Waheguru Ji Ki Fateh*

*Today's Hukamnama* *Wednesday 23-09-2026*

ਟੋਡੀ ਮਹਲਾ ੫ ॥

Todee, Fifth Mehl:

ਹਰਿ ਬਿਸਰਤ ਸਦਾ ਖੁਆਰੀ ॥

Forgetting the Lord, one is ruined forever.

ਰੱਬ ਨੂੰ ਭੁਲਾ ਕੇ ਬੰਦਾ ਹਮੇਸ਼ਾਂ ਲਈ ਤਬਾਹ ਹੋ ਜਾਂਦਾ ਹੈ।

ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥

How can anyone be deceived, who has Your Support, O Lord? ||Pause||

ਉਹ ਕਿਸ ਤਰ੍ਹਾਂ ਛਲਿਆ ਜਾ ਸਕਦਾ ਹੈ, ਜਿਸ ਨੂੰ ਤੇਰਾ ਆਸਰਾ ਹੈ, ਹੇ ਸਾਹਿਬ? ਠਹਿਰਾਉ।

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥

Without meditating in remembrance on the Lord, life is like a burning fire,

even if one lives long, like a snake.

ਸੁਆਮੀ ਦੀ ਬੰਦਗੀ ਦੇ ਬਾਝੋਂ ਜੀਉਣਾ ਅੱਗ ਵਿੱਚ ਸੜਨ ਦੀ ਤਰ੍ਹਾਂ ਹੈ

ਭਾਵਨੂੰ ਇਹ ਜਿੰਦਗੀ ਸੱਪ ਦੀ ਜਿੰਦਗੀ ਦੇ ਤੁੱਲ ਲੰਬੀ ਹੀ ਕਿਉਂ ਨਾਂ ਹੋਵੇ।

ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥

One may rule over the nine regions of the earth, but in the end, he shall have to depart, losing the game of life. ||1||

ਭਾਵਨੂੰ ਆਦਮੀ ਧਰਤੀ ਤੇ ਨਵਾਂ ਹੀ ਖਿੱਤਿਆ ਤੇ ਹਕੂਮਤ ਕਰਦਾ ਹੋਵੇ,

ਪ੍ਰੰਤੂ ਸੁਆਮੀ ਦੇ ਸਿਮਰਨ ਦੇ ਬਾਝੋਂ ਅਖੀਰ ਨੂੰ ਉਹ ਬਾਜ਼ੀ ਹਾਰ ਕੇ ਟੁਰ ਵੰਞੇਗਾ।

ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥

He alone sings the Glorious Praises of the Lord, the treasure of virtue, upon whom the Lord showers His Grace.

ਕੇਵਲ ਓਹੀ, ਵਡਿਆਈਆਂ ਹਦੇ ਖਜਾਨੇ, ਪ੍ਰਭੂ ਦਾ ਜੱਸ ਗਾਇਨ ਕਰਦਾ ਹੈ, ਜਿਸ ਉਤੇ ਉਸ ਦੀ ਮਿਹਰ ਹੈ।

ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥

He is at peace, and his birth is blessed; Nanak is a sacrifice to him. ||2||2||

ਓਹ ਹੀ ਆਰਾਮ ਵਿੱਚ ਹੈ ਅਤੇ ਉਸੇ ਦਾ ਹੀ ਹੈ ਸੁਲੱਖਣਾ ਜਨਮ, ਜੋ ਪ੍ਰਭੂ ਦਾ ਜੱਸ ਗਾਉਂਦਾ ਹੈ।

ਨਾਨਕ ਉਸ ਉਤੋਂ ਕੁਰਬਾਨ ਜਾਂਦਾ ਹੈ।

ਅੰਗ ੭੧੧